Received: Feb '22
Revised:
Accepted: Feb '22

© 2022 by the authors. This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/).

# ਅਜੋਕੇ ਸਮੇਂ 'ਚ ਬਦਲ ਰਹੀ ਪੰਜਾਬੀ ਸੱਭਿਆਚਾਰ ਦੀ ਤਸਵੀਰ

## CHANGING PICTURE OF PUNJABI CULTURE IN THE PRESENT TIMES

**Navdeep Kaur**
Research Scholar, Tantia University, Sri Ganganagar (Rajasthan)
E-mail: navikaur048@gmail.com

***ABSTRACT***

*ਵਰਤਮਾਨ ਸਮੇਂ ਵਿੱਚ ਸੱਭਿਆਚਾਰ ਬਦਲਾਅ ਅਸਹਿ ਤਰੀਕੇ ਨਾਲ ਨਾਲ ਆ ਰਿਹਾ ਹੈ, ਜਿਸ ਨੇ ਮਨੁੱਖੀ ਜੀਵਨ ਦੀਆਂ ਲੋੜਾਂ ਨੂੰ ਹੀ ਨਹੀਂ ਬਦਲਿਆ ਸਗੋ, ਉਸ ਦੇ ਮਨੋਰਥ ਅਤੇ ਮਨੋਬਣਤਰ ਨੂੰ ਵੀ ਬਦਲਿਆ ਹੈ। ਅਜੋਕੇ ਸਮੇਂ ਵਿੱਚ ਤਬਦੀਲੀਆਂ ਸਮਾਜਿਕ ਤੇ ਸੱਭਿਆਚਾਰਕ ਪ੍ਰਸਥਿਤੀਆਂ ਅਨੁਸਾਰ ਪੰਜਾਬੀ ਸੱਭਿਆਚਾਰ ਨੂੰ ਬਦਲ ਰਹੀਆਂ ਹਨ। ਵਰਤਮਾਨ ਸਮੇਂ ਵਿੱਚ ਮਸ਼ੀਨੀ ਯੁੱਗ ਅਤੇ ਕੋਰੋਨਾ ਕਾਲ ਨੇ ਮਨੁੱਖੀ ਜੀਵਨ ਨੂੰ ਬਹੁਤ ਪ੍ਰਭਾਵਿਤ ਕੀਤਾ। ਉਸ ਦੇ ਰਹਿਣ-ਸਹਿਣ, ਖਾਣ-ਪੀਣ, ਜੀਵਨ-ਜਿਉਣ ਦੇ ਢੰਗ, ਤਰੀਕੇ, ਵਿਵਹਾਰ, ਪਹਿਰਾਵਾ ਆਦਿ ਸਭ ਬਦਲ ਦਿੱਤਾ ਹੈ। ਇਸ ਨਾਲ ਸੱਭਿਆਚਾਰ ਵਿੱਚ ਬਦਲਾਅ ਹੋਣਾ ਸੁਭਾਵਿਕ ਹੈ।*

*Cultural change is taking place in an unbearable way in the present times, which has not only changed the necessities of human life but has also changed its motives and mentality. In modern times are changing the Punjabi culture according to the social and cultural conditions. In modern times the age of machines and the Period of Corona has greatly influenced human life. Their living conditions, eating habits, way of life, mannerisms, behaviour, dress etc. have all changed. This is bound to change the culture*.

**ਕੀਵਰਡ**: ਸੱਭਿਆਚਾਰ, ਸਮਾਜ ਅਤੇ ਸੱਭਿਆਚਾਰ, ਸੱਭਿਆਚਾਰ ਰੁਪਾਂਤਰਨ, ਸੱਭਿਆਚਾਰ ਬਦਲਾਅ ਦੇ ਪ੍ਰਭਾਵ, ਮਨੁੱਖੀ ਜੀਵਨ ਵਿੱਚ ਤਬਦੀਲੀਆਂ।

**Keywords:** Culture, Society and Culture, Cultural Transformation, Effects of Cultural Change, Changes in Human Life.

ਮਨੁੱਖੀ ਜੀਵਨ ਦਾ ਹਰ ਢੰਗ ਤਰੀਕਾ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੈ। ਮਨੁੱਖੀ ਜੀਵਨ ਦੀ ਤਸਵੀਰ ਸੱਭਿਆਚਾਰ ਤੋਂ ਬਿਨਾਂ ਕਲਪੀ ਨਹੀਂ ਜਾ ਸਕਦੀ। ਮਨੁੱਖੀ ਜੀਵਨ ਦਾ ਹਰ ਕਾਰ-ਵਿਹਾਰ ਸੱਭਿਆਚਾਰ ਦਾ ਅੰਗ ਹੈ। ਮਨੁੱਖ ਅਤੇ ਸੱਭਿਆਚਾਰ ਦੀ ਹੋਂਦ ਸਮ ਅਰਥੀ ਹੈ। ਮਨੁੱਖ ਦੀ ਹਰ ਸਾਂਝ ਸੱਭਿਆਚਾਰ ਤੇ ਆਧਾਰਿਤ ਹੈ। ਜਿਸ ਵਿੱਚ ਗਿਆਨ, ਵਿਸਵਾਸ਼, ਕਲਾ, ਨੈਤਿਕਤਾ, ਰੀਤੀ-ਰਿਵਾਜ, ਕਾਰ-ਵਿਹਾਰ ਅਤੇ ਆਦਤਾਂ ਸਭ ਸ਼ਾਮਿਲ ਹੈ। ਜਿਨ੍ਹਾਂ ਨੂੰ ਮਨੁੱਖੀ ਸਮਾਜ ਦਾ ਅੰਗ ਹੋਣ ਦੇ ਰੂਪ ਵਿੱਚ ਗ੍ਰਹਿਣ ਕਰਦਾ ਹੈ। ਸੱਭਿਆਚਾਰ ਮਨੁੱਖ ਨੂੰ ਅਹਿਮ ਤੇ ਵਿਲੱਖਣ ਪਛਾਣ ਪ੍ਰਦਾਨ ਕਰਦਾ ਹੈ। ਕਿਸੇ ਵੀ ਸਮਾਜ ਨੂੰ ਸਮਝਣ ਲਈ ਉਸ ਦੇ ਸੱਭਿਆਚਾਰ ਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਮਨੁੱਖ ਦੀ ਕਲਪਨਾ ਵੀ ਸੱਭਿਆਚਾਰ ਤੋਂ ਬਿਨਾਂ ਕਲਪੀ ਨਹੀਂ ਜਾ ਸਕਦੀ। ਇਹ ਮਨੁੱਖੀ ਜੀਵਨ ਦਾ ਸ਼ੀਸ਼ਾ ਹੁੰਦਾ ਹੈ।

ਕਿਸੇ ਵੀ ਸਮਾਜ ਜਾਂ ਸਮੁਦਾਇ ਦੀ ਜ਼ਿੰਦਗੀ ਦੇਖਣੀ ਹੋਵੇ ਤਾਂ ਉਸ ਦੇ ਸੱਭਿਆਚਾਰ ਵਿੱਚ ਦੇਖੀ ਜਾ ਸਕਦੀ ਹੈ। ਕੀ ਉਹ ਜ਼ਿੰਦਗੀ ਕਿਵੇਂ ਜਿਉਂਦਾ ਹੈ ? ਉਸ ਦੀਆਂ ਕਦਰਾਂ ਕੀਮਤਾਂ ਕੀ ਹਨ ? ਸੱਭਿਆਚਾਰ ਲੋਕ ਸਮੂਹ ਦੁਆਰਾ ਸਿਰਜੀ ਵਿਸ਼ੇਸ਼ ਜੀਵਨ ਜਾਚ ਹੈ। ਪਸ਼ੂ ਜੀਵਨ ਤੋਂ ਅਗਾਂਹ ਲੰਘ ਕੇ ਮਨੁੱਖ ਆਪਣੀਆਂ ਅੰਦਰੂਨੀ ਕਰਾਮਾਤੀ ਸ਼ਕਤੀਆਂ ਨੂੰ ਪ੍ਰਗਟ ਕਰਨ ਤੇ ਵਿਉਂਤ ਲਈ ਸੱਭਿਆਚਾਰ ਸਿਰਜਦਾ ਹੈ। ਮਨ ਸਰੀਰ ਅਤੇ ਆਤਮਾ ਦੀ ਇਕਸੁਰਤਾ ਪੈਦਾ ਕਰਦਿਆਂ ਹੋਇਆ ਬੁਨਿਆਦੀ ਮਨੁੱਖੀ ਲੋੜਾਂ ਨੂੰ ਪੂਰਾ ਕਰਨ ਦੇ ਨਾਲ ਨਾਲ ਹੀ ਮਨੁੱਖ ਦੀਆਂ ਨਿੱਜੀ ਅਤੇ ਸਮੂਹਿਕ ਸੰਭਾਵਨਾਵਾਂ ਪ੍ਰਫੁਲਿਤ ਕਰਨਾ ਸੱਭਿਆਚਾਰ ਦਾ ਮੁੱਖ ਲਕਸ਼ ਜਾਂ ਉਦੇਸ਼ ਹੈ। ਵਿਸ਼ੇਸ਼ ਭੂਗੋਲਿਕ ਖਿੱਤਿਆਂ ਦੀਆਂ ਪਦਾਰਥਕ ਕੁਦਰਤੀ ਅਤੇ ਮੌਸਮੀ ਪ੍ਰਸਥਿਤੀਆਂ ਮੁਤਾਬਕ ਲੋਕ ਜ਼ਿੰਦਗੀ ਦੇ ਨਿੱਕੇ ਤੋਂ ਨਿੱਕੇ ਪੱਖ ਤੋਂ ਲੈ ਕੇ ਵੱਡੇ ਤੋਂ ਵੱਡੇ ਮਨੋਰਥ ਲਈ ਬੜਾ ਵੰਨ ਸਵੰਨਤਾ ਪ੍ਰਬੰਧ ਉਸਾਰਦੇ ਆਏ ਹਨ ਸੱਭਿਆਚਾਰ ਇੱਕ ਗਤੀਸ਼ੀਲ ਵਰਤਾਰਾ ਹੈ। ਪਦਾਰਥਿਕ ਰਾਜਸੀ ਅਤੇ ਹੋਰ ਬਦਲਾਵ ਇਸ ਵਿੱਚ ਤਬਦੀਲੀ ਲਿਆਉਂਦੇ ਹਨ ਪੰਜਾਬੀ ਸੱਭਿਆਚਾਰ ਦਾ ਅਸਲ ਸਰੂਪ ਵੀ ਇਸ ਦੀ ਗਤੀਸ਼ੀਲਤਾ ਹੈ। ਬਹੁਤੀ ਵਾਰ ਅਗਿਆਨਤਾ ਵੱਸ ਪ੍ਰਾਚੀਨਤਾ ਨੂੰ ਹੀ ਸੱਭਿਆਚਾਰ ਮੰਨਣ ਤੇ ਮਨਾਉਣ ਦਾ ਯਤਨ ਕਰਦੇ ਹਾਂ। ਵਾਸਤਵ ਵਿੱਚ ਸਭਿਆਚਾਰ ਸੱਚੀ ਸੁੱਚੀ ਤੇ ਵਡੇਰੀ ਸੂਝ ਭਰੀ ਸ਼ਖ਼ਸੀਅਤ ਸਿਰਜਣ ਲਈ ਮਨੁੱਖਾਂ ਵਿੱਚੋਂ ਉਸਾਰਿਆ ਗਿਆ ਇਕ ਸਾਂਝਾ ਪ੍ਰਬੰਧ ਹੈ। ਇਹ ਲੋੜ-ਹਿੱਤ, ਘਰ-ਪਰਿਵਾਰ, ਭਾਈਚਾਰਾ, ਰਿਸ਼ਤੇ-ਨਾਤੇ, ਵਿਆਹ-ਪ੍ਰਬੰਧ, ਰੀਤੀ-ਰਿਵਾਜ, ਕਦਰਾਂ-ਕੀਮਤਾਂ, ਕਲਾਵਾਂ-ਪਹਿਰਾਵਾ, ਹਾਰ-ਸ਼ਿੰਗਾਰ, ਲੋਕ-ਵਿਸ਼ਵਾਸ, ਲੋਕਧਾਰਾ ਆਦਿ ਅਜਿਹੀਆਂ ਵੰਨਗੀਆਂ ਦੀ ਸਿਰਜਣਾ

ਹੁੰਦੀ ਆਈ ਹੈ ਜੋ ਮਨੁੱਖ ਨੂੰ ਪਸ਼ੂਪੁਣੇ ਤੋਂ ਉੱਪਰ ਉਠਾ ਕੇ ਉਸਾਰੂ ਤੇ ਸੁਚਾਰੂ ਮਨੁੱਖ ਬਣਾਉਣ ਲਈ ਵਿਸ਼ੇਸ਼ ਸਿਰਜੇ ਗਏ ਵਸੀਲੇ ਹਨ।

ਸੱਭਿਆਚਾਰ ਤੋਂ ਭਾਵ ਹੈ ਪੰਜਾਬੀ ਲੋਕ ਸਮੂਹ ਦੁਆਰਾ ਸਿਰਜੀ ਵਿਸ਼ੇਸ਼ ਜੀਵਨ ਜਾਚ,ਜਿਸ ਵਿੱਚ ਉਹ ਲੋਕਾਂ ਦਾ ਰਹਿਣ ਸਹਿਣ, ਰਸਮਾਂ, ਰਿਵਾਜ, ਰਿਸ਼ਤੇ-ਨਾਤੇ, ਪਹਿਰਾਵਾ, ਖਾਣ-ਪੀਣ, ਕਦਰਾਂ-ਕੀਮਤਾਂ, ਮਨੋਰੰਜਨ ਦੇ ਸਾਧਨ, ਭਾਸ਼ਾ ਲੋਕ ਵਿਸ਼ਵਾਸ ਆਦਿ ਸ਼ਾਮਿਲ ਹੁੰਦੇ ਹਨ। ਸਾਧਾਰਨ ਨਜ਼ਰਾ ਨਾਲ ਇਸ ਦੀ ਪ੍ਰਕਿਰਤੀ ਜਿੰਨੀ ਸਾਧਾਰਨ ਜਾਪਦੀ ਹੈ, ਅਧਿਐਨ ਕਰਦੇ ਸਮੇਂ ਓਨੀ ਹੀ ਜਟਿਲ ਹੈ।

ਮਨੁੱਖ ਦੇ ਪੈਦਾ ਹੋਣ ਤੋਂ ਲੈ ਕੇ ਉਸ ਦੇ ਵਰਤਮਾਨ ਤਕ ਦੇ ਸਿਰਜੇ ਹਰ ਪਹਿਲੂ ਨੂੰ ਸੱਭਿਆਚਾਰ ਕਿਹਾ ਜਾਂਦਾ ਹੈ। ਮਨੁੱਖ ਦੇ ਸਮੁੱਚੇ ਵਤੀਰੇ ਅਤੇ ਰੂਹਾਨੀ ਪੱਖ ਨੂੰ ਵੀ ਸੱਭਿਆਚਾਰ ਆਪਣੇ ਕਲਾਵੇ ਵਿੱਚ ਲੈ ਲੈਂਦਾ ਹੈ। ਸੱਭਿਆਚਾਰ ਵਿੱਚ ਲੋਕ ਵਿਸ਼ਵਾਸ ਅਤੇ ਧਾਰਮਿਕ ਭਾਵਨਾਵਾਂ ਛੁਪੀਆਂ ਹੁੰਦੀਆਂ ਹਨ, ਜੋ ਵਿਸ਼ੇਸ਼ ਮੌਕਿਆਂ ਤੇ ਨਿਭਾਉਂਦੇ ਹਨ ਅਤੇ ਸੱਭਿਆਚਾਰ ਨੂੰ ਵਿਭਿੰਨਤਾ ਪ੍ਰਦਾਨ ਕਰਦੇ ਹਨ। ਇਹ ਪੀੜ੍ਹੀ-ਦਰ-ਪੀੜ੍ਹੀ ਨਿਰੰਤਰ ਅੱਗੇ ਚੱਲਦਾ ਹੈ, ਜਿਸ ਕਰਕੇ ਸੱਭਿਆਚਾਰ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਵੀ ਹੈ। ਕੁਦਰਤ ਦੇ ਨਿਯਮਾਂ ਅਨੁਸਾਰ ਹਰ ਚੀਜ਼ ਸਮੇਂ ਸਮੇਂ ਬਦਲਦੀ ਹੈ, ਜਿਸ ਨਾਲ ਉਸ ਵਿੱਚ ਗਤੀਸ਼ੀਲਤਾ ਬਣੀ ਰਹਿੰਦੀ ਹੈ। ਸੱਭਿਆਚਾਰ ਵਿੱਚ ਵੀ ਸਮੇਂ ਸਮੇਂ ਤੇ ਬਦਲਾਅ ਆਉਂਦੇ ਹਨ। ਇਹ ਬਦਲਾਅ ਦੇ ਕਈ ਕਾਰਨ ਮੰਨੇ ਜਾਂਦੇ ਹਨ।

ਸੱਭਿਆਚਾਰ ਰੁਪਾਂਤਰਨ ਦਾ ਮੁੱਖ ਕਾਰਨ ਰਾਜਸੀ, ਆਰਥਿਕ ਅਤੇ ਵਿਗਿਆਨਕ ਤਬਦੀਲੀਆਂ ਹਨ। ਜੋ ਸੱਭਿਆਚਾਰ ਨੂੰ ਸਿੱਧੇ-ਅਸਿੱਧੇ ਢੰਗ ਨਾਲ ਬਦਲਦੀਆਂ ਹਨ। ਪੰਜਾਬੀ ਸੱਭਿਆਚਾਰ ਵਿੱਚ ਪਿਛਲੀ ਇੱਕ ਸਦੀ ਤੋਂ ਬਹੁਤ ਤੇਜ਼ੀ ਨਾਲ ਤਬਦੀਲੀਆਂ ਆ ਰਹੀਆਂ ਹਨ। ਜੋ ਸੱਭਿਆਚਾਰ ਦੀਆਂ ਖੋਖਲੀਆਂ ਹੋ ਰਹੀਆਂ ਰੀਤਾਂ ਨੂੰ ਖ਼ਤਮ ਕਰ ਕੇ ਨਵੀਆਂ ਵੰਗਾਰਾਂ ਪੈਦਾ ਕਰ ਰਹੀਆਂ ਹਨ। ਸਾਨੂੰ ਇਸ ਤਬਦੀਲੀ ਦਾ ਦੁੱਖ ਨਹੀਂ ਮਨਾਉਣਾ ਚਾਹੀਦਾ ਸਗੋਂ ਨਵੀਆਂ ਵੰਗਾਰਾਂ ਨੂੰ ਅਪਣਾ ਕੇ ਸੱਭਿਆਚਾਰ ਦੀ ਹੋਂਦ ਨੂੰ ਮਜ਼ਬੂਤ ਬਣਾਉਣ ਦੀ ਲੋੜ ਹੈ। ਪਰ ਦੁੱਖ ਉਸ ਸਮੇਂ ਹੁੰਦਾ ਹੈ। ਜਦੋਂ ਕੋਈ ਆਪਣੇ ਸੱਭਿਆਚਾਰ ਨੂੰ ਵਿਸਾਰ ਕੇ ਦੂਸਰੇ ਸੱਭਿਆਚਾਰ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਉਹ ਦੋਗਲੇਪਣ ਦਾ ਸ਼ਿਕਾਰ ਹੋ ਜਾਂਦਾ ਹੈ, ਕਿਉਂਕਿ ਉਹ ਕਿਸੇ ਵੀ ਸੱਭਿਆਚਾਰ ਨਾਲ ਜੁੜ ਨਹੀਂ ਸਕਦਾ।

ਵਰਤਮਾਨ ਸਮੇਂ ਵਿੱਚ ਸੱਭਿਆਚਾਰ ਬਦਲਾਅ ਅਸਹਿ ਤਰੀਕੇ ਨਾਲ ਨਾਲ ਆ ਰਿਹਾ ਹੈ, ਜਿਸ ਨੇ ਮਨੁੱਖੀ ਜੀਵਨ ਦੀਆਂ ਲੋੜਾਂ ਨੂੰ ਹੀ ਨਹੀਂ ਬਦਲਿਆ ਸਗੋ, ਉਸ ਦੇ ਮਨੋਰਥ ਅਤੇ ਮਨੋਬਣਤਰ ਨੂੰ ਵੀ ਬਦਲਿਆ ਹੈ। ਅਜੋਕੇ ਸਮੇਂ ਵਿੱਚ ਤਬਦੀਲੀਆਂ ਸਮਾਜਿਕ ਤੇ ਸੱਭਿਆਚਾਰਕ ਪ੍ਰਸਥਿਤੀਆਂ ਅਨੁਸਾਰ ਪੰਜਾਬੀ ਸੱਭਿਆਚਾਰ ਨੂੰ ਬਦਲ ਰਹੀਆਂ ਹਨ। ਵਰਤਮਾਨ ਸਮੇਂ ਵਿੱਚ ਮਸ਼ੀਨੀ ਯੁੱਗ ਅਤੇ ਕੋਰੋਨਾ ਕਾਲ ਨੇ ਮਨੁੱਖੀ ਜੀਵਨ ਨੂੰ ਬਹੁਤ ਪ੍ਰਭਾਵਿਤ ਕੀਤਾ। ਉਸ ਦੇ ਰਹਿਣ-ਸਹਿਣ, ਖਾਣ-ਪੀਣ, ਜੀਵਨ-ਜਿਉਣ ਦੇ ਢੰਗ, ਤਰੀਕੇ, ਵਿਵਹਾਰ, ਪਹਿਰਾਵਾ ਆਦਿ ਸਭ ਬਦਲ ਦਿੱਤਾ ਹੈ। ਇਸ ਨਾਲ ਸੱਭਿਆਚਾਰ ਵਿੱਚ ਬਦਲਾਅ ਹੋਣਾ ਸੁਭਾਵਿਕ ਹੈ। ਪਹਿਲਾ ਪ੍ਰਭਾਵ ਸਾਡੇ ਰਹਿਣ-ਸਹਿਣ ਤੇ ਪਿਆ ਹੈ। ਪਹਿਲਾਂ ਅਸੀਂ ਸੰਯੁਕਤ ਪਰਿਵਾਰਾਂ ਵਿੱਚ ਰਹਿੰਦੇ ਸੀ, ਪਰਿਵਾਰ ਦਾ ਵੱਡਾ ਬੰਦਾ ਘਰ ਦਾ ਮੁਖੀਆ ਹੁੰਦਾ ਸੀ। ਜੋ ਉਸ ਨੇ ਕਹਿ ਦਿੱਤਾ ਸਭ ਮੰਨਦੇ ਸਨ। ਇਸ ਤਰ੍ਹਾਂ ਰਿਸ਼ਤੇ ਨਾਤਿਆ ਵਿੱਚ ਪਿਆਰ ਅਤੇ ਦਿਲੀ ਸਾਂਝ ਹੁੰਦੀ ਸੀ। ਹਰ ਦੁਖ-ਸੁਖ ਮਿਲ ਕੇ ਮਨਾਉਂਦੇ ਤੇ ਵੰਡਾਉਂਦੇ ਸਾਂ।ਪਰ ਅੱਜ ਅਸੀਂ ਵੱਡੇ ਪਰਿਵਾਰਾਂ ਤੋਂ ਛੋਟੇ ਪਰਿਵਾਰਾਂ ਵਿੱਚ ਤਬਦੀਲ ਹੋ ਗਏ। ਇਸ ਦਾ ਮੁੱਖ ਕਾਰਨ ਨੌਕਰੀ ਪੇਸ਼ਾ ਅਤੇ ਖ਼ਾਸ ਤੌਰ ਤੇ ਪੜ੍ਹਾਈ, ਲਿਖਾਈ ਦੀ ਤਹਿਜ਼ੀਬ ਦੇਣ ਵੱਲ ਵਿਸ਼ੇਸ਼ ਧਿਆਨ, ਪੜ੍ਹ-ਲਿਖ ਕੇ ਬੱਚਿਆਂ ਵਿੱਚ ਵਿਦੇਸ਼ ਜਾਣ ਦੀ ਦੌੜ ਲੱਗ ਗਈ। ਬੱਚਿਆਂ ਦੀ ਮਾਪਿਆਂ ਤੋਂ ਦੂਰੀ ਇਸ ਤਰ੍ਹਾਂ ਵਧ ਰਹੀ ਹੈ, ਕਿ ਬੱਚੇ ਦੀ ਕਾਮਯਾਬੀ ਖੁਦ ਦੀ ਕਾਮਯਾਬੀ ਬਣਗੀ। ਵਧੇਰੇ ਇਸ ਤੇ ਅਸਰ ਯੂਰੋਪ ਦੇਸ਼ਾਂ ਦਾ ਅਸਰ ਦਿਖਾਈ ਦੇਣ ਲੱਗਾ। ਰਿਸ਼ਤੇ ਹਰ ਰੋਜ਼ ਟੁੱਟਦੇ ਨਵੇਂ ਜੁੜਦੇ ਹਨ। ਜਦੋਂ ਕਿ ਪਹਿਲਾਂ ਰਿਸ਼ਤਾ ਜੋੜਨ ਵਿੱਚ ਵਿਸ਼ਵਾਸ ਰੱਖਦੇ ਸੀ ਰਿਸ਼ਤਾ ਤੋੜਨਾ ਪਾਪ ਜਾਂ ਅਪਰਾਧ ਦੀ ਸ਼੍ਰੇਣੀ ਵਿੱਚ ਆਉਂਦਾ ਸੀ। ਅੱਜ ਸਾਡੀ ਜ਼ਿੰਦਗੀ ਸਾਡੇ ਫ਼ੈਸਲੇ ਸਿਰਫ਼ ਸਾਡੇ ਲਈ ਹਨ। ਸਾਡੇ ਰਹਿਣ ਸਹਿਣ ਨੇ ਸਾਡੇ ਰਿਸ਼ਤਿਆਂ ਨੂੰ ਵੀ ਖਤਮ ਕਰ ਦਿੱਤਾ ਚਾਚੀਆਂ, ਤਾਈਆਂ, ਮਾਸੀਆਂ, ਦਾਦੇ, ਦਾਦੀਆਂ, ਸਭ ਪਰਾਏ ਹੋ ਗਏ। ਉਨ੍ਹਾਂ ਦੀ ਜਗ੍ਹਾ ਅੰਗਰੇਜ਼ੀ ਦੇ ਸ਼ਬਦ ਆਂਟੀ ਅਤੇ ਅੰਕਲ ਨੇ ਲੈ ਲਈ ਛੋਟੇ ਪਰਿਵਾਰ ਨੂੰ ਸੁਖੀ ਪਰਿਵਾਰ ਵਜੋਂ ਦੇਖਣ ਲੱਗੇ। ਜਿਸ ਕਰਕੇ ਅਸੀਂ ਵੱਡੇ ਤੇ ਸੰਯੁਕਤ ਪਰਿਵਾਰਾਂ ਵਿਚੋਂ ਛੋਟੇ ਪਰਿਵਾਰਾਂ ਵਿੱਚ ਤਬਦੀਲ ਹੁੰਦੇ ਗਏ, ਤੇ ਇਹ ਤਬਦੀਲੀ ਦੇ ਨਾਲ ਸਾਡੇ ਰਿਸ਼ਤੇ ਨਾਤਿਆਂ ਵਿੱਚ ਆਪਸੀ ਪਿਆਰ ਮਿਲਾਪ ਵੀ ਘਟਦਾ ਗਿਆ। ਅੱਜ ਅਸੀਂ ਆਪਣਿਆਂ ਦੀ ਖ਼ੁਸ਼ੀ ਜਾਂ ਗ਼ਮੀ ਵਿਚ ਸ਼ਰੀਕ ਹੋਣ ਦਾ ਨਾ ਸਮਾਂ ਦੇ ਪਾਉਂਦੇ ਹਾਂ ਨਾ ਸਾਥ, ਸਿਰਫ਼ ਇੱਕ ਬਾਹਰੀ ਦਿਖਾਵੇ ਰਹਿ ਗਏ ਹਨ। ਕੋਰੋਨਾ-ਕਾਲ ਨੇ ਵੀ ਸਾਡੇ ਜੀਵਨ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਸਾਡੇ ਰਹਿਣ-ਸਹਿਣ ਨੂੰ ਬਿਲਕੁਲ ਬਦਲ ਦਿੱਤਾ ਹੈ। ਜਿੱਥੇ ਅਸੀਂ ਸਭ ਆਪਸ ਵਿੱਚ ਇੱਕਠੇ ਬੈਠਦੇ ਸਾਝੀਆ ਪਿੜਾ ਤੇ ਸੱਥਾ ਦਾ ਆਨੰਦ ਮਾਣਦੇ ਸੀ। ਜਿਸ ਨਾਲ ਦਿਲੀ ਸਾਝ ਤੇ ਆਪਸੀ ਮਿਲਵਰਤਣ ਵੱਧਦਾ ਸੀ। ਕੋਰੋਨਾ ਕਾਲ ਨੇ ਸਾਨੂੰ ਆਪਣੇ ਘਰਾਂ ਵਿੱਚ ਬੰਦ ਕਰਕੇ ਬਿਠਾ ਦਿੱਤਾ। ਅਸੀਂ ਆਪਣੇ ਪਰਿਵਾਰਾਂ ਨਾਲ ਸਮਾਂ ਤਾਂ ਬਿਤਾਉਂਦੇ ਹਾਂ, ਪਰ ਬਾਕੀ ਰਿਸ਼ਤੇ-ਨਾਤੇ ਸਭ ਪਰਾਏ ਬਣਾ ਦਿੱਤੇ।

ਜਿੱਥੇ ਅਸੀਂ ਗਲੇ ਮਿਲਦੇ ਪਿਆਰ ਸਨੇਹ ਵੱਧਦਾ ਸੀ। ਅੱਜ ਉੱਥੇ ਅਸੀਂ ਹੱਥ ਮਿਲਾਉਣ ਤੋਂ ਵੀ ਡਰਦੇ ਹਾਂ। ਖ਼ੁਸ਼ੀਆਂ ਤੇ ਗ਼ਮੀਆਂ ਵਿੱਚ ਸ਼ਰੀਕ ਹੋਣ ਤੇ ਵੀ ਪਾਬੰਦੀਆਂ ਨੇ ਰਿਸ਼ਤੇ -ਨਾਤਿਆਂ ਵਿੱਚ ਫ਼ਰਕ ਵਧਾ ਦਿੱਤਾ। ਆਉਣ ਵਾਲੇ ਸਮੇਂ ਵਿੱਚ ਜੇ ਇਹੀ ਹਾਲਾਤ ਰਹੇ ਤਾਂ, ਸਾਡੇ ਇਹ ਰਿਸ਼ਤੇ ਨਾਤੇ ਬਿਲਕੁਲ ਖ਼ਤਮ ਹੁੰਦੇ ਨਜ਼ਰ ਆ ਰਹੇ ਹਨ, ਕਿਉਂਕਿ ਸਾਡੇ ਸੱਭਿਆਚਾਰ ਦੀ ਰੀੜ੍ਹ ਦੀ ਹੱਡੀ ਸਾਡੇ ਰਿਸ਼ਤੇ-ਨਾਤੇ ਹਨ। ਜਿਸ ਨਾਲ ਸਾਡੇ ਜੀਵਨ ਦਾ ਹਰ ਕਾਰ-ਵਿਵਹਾਰ ਜੁੜਿਆ ਹੈ। ਸੱਭਿਆਚਾਰ ਵਿੱਚ ਇਹ ਅਸਹਿ ਤਬਦੀਲੀਆਂ ਚਿੰਤਾ ਦਾ ਵਿਸ਼ਾ ਹਨ।

ਸਾਡੇ ਰਹਿਣ ਸਹਿਣ ਦੇ ਨਾਲ ਸਾਡੇ ਖਾਣ ਪੀਣ ਵਿੱਚ ਵੀ ਬਹੁਤ ਬਦਲਾਅ ਆ ਗਿਆ ਹੈ। ਪਹਿਲੇ ਸਮਿਆਂ ਵਿੱਚ ਅਸੀਂ ਖ਼ੁਦ ਖੇਤੀ ਕਰਦੇ ਅਤੇ ਆਪਣੀ ਜ਼ਮੀਨ ਨਾਲ ਜੁੜੇ ਸੀ। ਸਾਡਾ ਖਾਣ ਪੀਣ ਬਹੁਤ ਸਾਦਾ ਸੀ ਜਿਵੇਂ, ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ, ਹਾਰੇ ਦੀ ਦਾਲ,ਚਾਟੀ ਦੀ ਲੱਸੀ, ਕਾੜ੍ਹਨੀ ਦਾ ਦੁੱਧ, ਭੁੱਜੇ ਛੋਲੇ, ਘਰ ਦੇ ਬਣਾਏ ਗੁੜ, ਜੋ ਸਰੀਰ ਨੂੰ ਤਾਕਤ ਵੀ ਦਿੰਦੇ ਤੇ ਸਰੀਰ ਦੀਆ ਲੋੜਾਂ ਪੂਰੀਆਂ ਸਨ। ਪਰ ਵਰਤਮਾਨ ਸਮੇਂ ਵਿਚ ਅਸੀਂ ਅਸੀਂ ਬਾਜ਼ਾਰੀ ਵਸਤਾਂ ਜਾਂ ਪੈਕਿੰਗ ਵਾਲੀਆਂ ਚੀਜ਼ਾਂ ਵੱਲ ਰੁਝਾਨ ਵਧ ਗਿਆ। ਨੌਜਵਾਨ ਪੀੜ੍ਹੀ ਵਧੇਰੇ ਫਾਸਟ-ਫ਼ੂਡ, ਪੈਕਿੰਗ ਵਾਲੇ ਖਾਣਿਆਂ ਨੂੰ ਵੱਜੋਂ ਦੇਣ ਲੱਗ ਪਏ। ਜਿਸ ਨਾਲ ਸਾਡਾ ਖਾਣ-ਪੀਣ ਪੂਰੀ ਤਰ੍ਹਾਂ ਬਦਲ ਗਿਆ। ਸਾਡੀ ਰੋਜ਼ ਮਾਰੀ ਜ਼ਿੰਦਗੀ ਵਿੱਚ ਸਾਦਗੀ ਦੀ ਜਗ੍ਹਾ ਦਿਖਾਵੇ ਨੇ ਲੈ ਲਈ।ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਚ ਸਾਡੇ ਸੱਭਿਆਚਾਰਨੂੰ ਵੱਖਰੀ ਪਛਾਣ ਦਿੰਦਾ ਸੀ। ਉਹ ਸਿਰਫ਼ ਕਿਤਾਬਾਂ ਦੇ ਪੰਨਿਆਂ ਤੇ ਰਹਿ ਗਿਆਸੀ, ਪਰ ਕੋਰੋਨਾ ਕਾਲ ਨੇ ਸਾਨੂੰ ਮੁੜ ਪ੍ਰਕਿਰਤੀ ਨਾਲ ਤੇ ਸੱਭਿਆਚਾਰ ਨਾਲ ਜੋੜਿਆ ਹੈ। ਜਦੋਂ ਕਿ ਅਸੀਂ ਬਾਜ਼ਾਰ ਦੀ ਬਣਾਈ ਹੋਈ ਵਸਤੂ ਨੂੰ ਜ਼ਿਆਦਾ ਪਸੰਦ ਕਰਦੇ ਸੀ ਉਥੇ ਅੱਜ ਅਸੀਂ ਆਪਣੇ ਹੱਥ ਨਾਲ ਤਿਆਰ ਕੀਤੀਆਂ ਹਰੀਆਂ ਸਬਜ਼ੀਆਂ ਫਲ ਦਾਲਾਂ ਨੂੰ ਵਧੇਰੇ ਤਵੱਜੋ ਦੇਣ ਲੱਗ ਪਏ, ਜੋ ਵਿਗਿਆਨਿਕ ਤੌਰ ਤੇ ਵੀ ਸਾਨੂੰ ਸਿਹਤਮੰਦ ਰੱਖਦੀਆਂ ਤੇ ਸਾਡੀ ਬਿਮਾਰੀਆਂ ਨਾਲ ਲੜਨ ਵਾਲੀ ਤਾਕਤ ਨੂੰ ਵਧਾਉਂਦੀਆਂ ਹਨ। ਕੋਰੋਨਾ ਕਾਲ ਦੇ ਜੀਵਨ ਦੇ ਹਰ ਢੰਗ ਤਰੀਕੇ ਕਾਰ ਵਿਹਾਰ ਨੂੰ ਪ੍ਰਭਾਵਿਤ ਕੀਤਾ ਹੈ। ਉੱਥੇ ਸਾਡੇ ਖਾਣ ਪੀਣ ਦੀਆਂ ਵਸਤਾਂ ਵਿੱਚ ਵੀ ਮੁੜ ਤਬਦੀਲੀ ਆ ਗਈ ਅਸੀਂ ਮੁੜ ਪ੍ਰਕਿਰਤੀ ਨਾਲ ਜੁੜ ਗਏ। ਇਹ ਤਬਦੀਲੀ ਵੀ ਲਾਜ਼ਮੀ ਸੀ ਤਾਂ ਜੋ ਸਾਨੂੰ ਚੰਗੇ ਖਾਣ ਪੀਣ ਦੇ ਨਾਲ ਸਿਹਤਮੰਦ ਜ਼ਿੰਦਗੀ ਦੀ ਪਰਿਭਾਸ਼ਾ ਸਮਝਾਉਣ ਲਈ। ਖਾਣ ਪੀਣ ਦੇ ਨਾਲ-ਨਾਲ ਸਾਡੇ ਪਹਿਰਾਵੇ ਨੂੰ ਵੀ ਪੱਛਮੀ ਸੱਭਿਆਚਾਰ ਨਿਗਲ ਗਿਆ। ਪਹਿਲੇ ਸਮੇਂ ਵਿੱਚ ਸਰੀਰ ਨੂੰ ਢੱਕਣ ਨੂੰ ਸਰਦਾਰੀ ਤੇ ਸੱਭਿਆਚਾਰ ਮੰਨਿਆ ਜਾਂਦਾ ਸੀ। ਪਰ ਅੱਜ ਦੇ ਸਮੇਂ ਵਿੱਚ ਨੰਗੇਜ਼ ਨੂੰ ਫੈਸ਼ਨ ਦਾ ਨਾਮ ਦੇ ਦਿੱਤਾ ਗਿਆ। ਨੌਜਵਾਨ ਪੀੜ੍ਹੀ ਇਸ ਦਾ ਵਧੇਰੇ ਸ਼ਿਕਾਰ ਹੋ ਗਈ। ਸੱਗੀ ਫੁੱਲ, ਫੁਲਕਾਰੀਆਂ, ਘੱਗਰੇ, ਬਾਗ, ਚਾਦਰੇ ਇਹ ਸਭ ਹੁਣ ਤਸਵੀਰਾਂ ਦੇ ਹਿੱਸੇ ਬਣ ਕੇ ਰਹਿ ਗਏ। ਉਸ ਦੀ ਜਗ੍ਹਾ ਤੇ ਜੀਨਸ ਦੀਆਂ ਪੈਂਟਾਂ, ਪਲਾਜ਼ੋ ਤੇ ਮੁਫਰਲਾਂ ਨੇ ਲੈ ਲਈ।ਮਸ਼ੀਨਾਂ ਨਾਲ ਤਿਆਰ ਕੀਤੇ ਤੇ ਵੱਡੀਆਂ ਕੰਪਨੀਆਂ ਵੱਲੋਂ ਬਣਾਏ ਕੱਪੜਿਆਂ ਦੀ ਮੰਗ ਵਧ ਗਈ ਤੇ ਘਰ ਦੇ ਬਣੇ ਖੇਸ ਦਰੀਆਂ ਚਾਦਰਾਂ ਤੇ ਬਾਗ ਵਿਸਰ ਗਏ। ਚਰਖੇ ਕੱਤਣੇ, ਫੁਲਕਾਰੀਆਂ ਕੱਢਦੀਆਂ, ਪੀਂਘਾਂ ਝੂਟਣੀਆਂ ਸਭ ਵਿਸਰ ਗਿਆ। ਪਹਿਰਾਵੇ ਦੇ ਨਾਲ ਨਾਲ ਸਾਡੇ ਰੀਤੀ-ਰਿਵਾਜ ਵੀ ਬਦਲ ਗਏ, ਜੋ ਇਕੱਠੇ ਹੋ ਕੇ ਵਿਆਹਾਂ-ਸ਼ਾਦੀਆਂ ਦੇ ਵਿੱਚ ਰਲ-ਮਿਲ ਕੇ ਸੁਹਾਗ ਤੇ ਘੋੜੀਆਂ, ਗਾਉਣੀਆਂ ਸਿੱਠਣੀਆਂ ਤੇ ਟੱਪੇ, ਮਾਹੀਏ ਗਾਉਂਦੀਆਂ ਸਨ। ਜਿਸ ਨਾਲ ਆਪਸੀ ਪਿਆਰ, ਮਿਲਾਪ ਵਾਧਦਾ ਤੇ ਇਹ ਰੀਤੀ-ਰਿਵਾਜ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੇ ਨਿਰੰਤਰ ਚੱਲਦੇ। ਇਹ ਸਾਡੀਆਂ ਭਾਵਨਾਵਾਂ ਨੂੰ ਉਜਾਗਰ ਕਰਦੇ ਤੇ ਦਿਲੀ ਖ਼ੁਸ਼ੀ ਦਿੰਦੇ , ਪਰ ਅੱਜ ਅਸੀਂ ਆਪਣੇ ਲੋਕ ਗੀਤ ਸਭ ਭੁੱਲ ਗਏ। ਉਨ੍ਹਾਂ ਦੀ ਥਾਂ ਅੱਜਕੱਲ੍ਹ ਡੀ.ਜੇ.ਨੇ ਲੈ ਲਈ ਹੈ,ਜਿਸ ਨਾਲ ਸਾਡੀ ਆਉਣ ਵਾਲੀ ਪੀੜ੍ਹੀ ਸਾਡੇ ਲੋਕ ਰੀਤਾਂ ਰਸਮਾਂ ਰਿਵਾਜਾਂ ਤੋਂ ਸੱਖਣੀ ਰਹਿ ਜਾਵੇਗੀ। ਉਨ੍ਹਾਂ ਦੀ ਜਗ੍ਹਾ ਡੀ.ਜੇ ਨੇਲੈ ਲਈ ਹੈ। ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਸਾਡੇ ਰੀਤੀ ਰਿਵਾਜ ਹਨ ਜੋ ਬਿਲਕੁਲ ਬਦਲ ਚੁੱਕੇ ਹਨ। ਇਸ ਬਦਲਾਅ ਦਾ ਕਾਰਨ ਵੀ ਵਧੇਰੇ ਪੜ੍ਹ ਲਿਖ ਜਾਣਾ, ਸ਼ਹਿਰੀ ਜੀਵਨ ਦਾ ਰੁਝਾਨ ਵੱਧਣਾ ਅਤੇ ਵਿਦੇਸ਼ੀ ਸੱਭਿਆਚਾਰ ਦਾ ਅਸਰ ਹੋ ਜਾਣਾ। ਅੱਜ ਜਨਮ ਤੋਂ ਲੈ ਕੇ ਮੌਤ ਤਕ ਦੀਆਂ ਵਧੇਰੇ ਰਸਮਾਂ ਅਲੋਪ ਹੋ ਗਈਆਂ ਹਨ ਤੇ ਅਸੀਂ ਪੱਛਮੀ ਸੱਭਿਆਚਾਰ ਤੋਂ ਲੈ ਕੇ ਨਵੀਂਆਂ ਘੜ ਲਈਆਂ ਹਨ। ਖੋਖਲੀਆਂ ਹੋ ਰਹੀਆਂ ਰਸਮਾਂ ਦਾ ਅਲੋਪ ਹੋਣਾ ਕੋਈ ਚਿੰਤਾ ਦਾ ਵਿਸ਼ਾ ਨਹੀਂ, ਪਰ ਜਦੋਂ ਵਜੂਦ ਵਾਲੀਆਂ ਰਸਮਾਂ ਆਲੋਪ ਹੋ ਜਾਂਦੀਆਂ ਹਨ ਤਾਂ ਸੱਭਿਆਚਾਰ ਦੀਆਂ ਜੜ੍ਹਾਂ ਖੋਖਲੀਆਂ ਹੁੰਦੀਆਂ ਨਜ਼ਰ ਆਉਣ ਲੱਗ ਜਾਂਦੀਆਂ ਹਨ। ਅਜਿਹਾ ਹੀ ਸਾਡੀਆਂ ਰੀਤੀ ਰਿਵਾਜ਼ਾਂ ਵਿੱਚ ਹੋਇਆ ਹੈ। ਰੀਤੀ-ਰਿਵਾਜਾਂ ਦੇ ਨਾਲ-ਨਾਲ ਸਾਡੇ ਮਨੋਰੰਜਨ ਦੇ ਸਾਧਨ ਵੀ ਬਦਲ ਗਏ ਹਨ। ਅਜੋਕੇ ਸਮੇਂ ਵਿੱਚ ਅਸੀਂ ਟੀਵੀ ਰੇਡੀਓ ਅਤੇ ਮੋਬਾਇਲ ਫੋਨਾਂ ਦੇ ਆਦੀ ਹੋਣ ਕਰਕੇ ਪੁਰਾਣੀਆਂ ਖੇਡਾਂ ਨੂੰ ਭੁੱਲ ਗਏ ਹਾਂ। ਸਾਡੀਆਂ ਉਹ ਪੁਰਾਣੀਆਂ ਖੇਡਾਂ ਕੋਟਲਾ ਛਪਾਕੀ, ਖਿੱਦੋ ਖੂੰਡੀ, ਅੱਡੀ ਟੱਪਾ ਉਹ ਸਭ ਬੀਤੇ ਸਮੇਂ ਦੀਆਂ ਯਾਦਾਂ ਬਣ ਕੇ ਰਹਿ ਗਈਆਂ ਹਨ। ਟੈਲੀਵਿਜ਼ਨ ਤੇ ਮੋਬਾਈਲ ਫੋਨਾਂ ਨੇ ਸਾਡੇ ਸੱਭਿਆਚਾਰ ਦਾ ਘਾਣ ਕਰ ਦਿੱਤਾ ਹੈ। ਅੱਜ ਸੇ ਮੋਬਾਇਲ ਫੋਨਾਂ ਦੇ ਏਨੇ ਆਦੀ ਹੋ ਕੇ ਕੀ ਇੱਕ ਪਰਿਵਾਰ ਵਿੱਚ ਰਹਿੰਦੇ ਹੋਏ ਵੀ ਇੱਕ ਦੂਸਰੇ ਲਈ ਅਣਜਾਣ ਬਣ ਗਏ। ਸਭ ਆਪੋ ਆਪਣੇ ਕਮਰਿਆਂ ਵਿੱਚ ਫੋਨਾਂ ਤੇ ਇੰਨੇ ਵਿਅਸਤ ਹੋ ਗਏ ਕਿ ਸਾਨੂੰ ਸਾਡੇ ਆਸ-ਪਾਸ ਦੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ ਦੀ ਖ਼ਬਰ ਨਹੀਂ ਰਹਿੰਦੀ। ਸਾਡੇ ਮਨੋਰੰਜਨ ਵਿੱਚ ਸਾਡੀਆਂ

ਲੋਕ ਖੇਡਾਂ ਸਾਨੂੰ ਸਰੀਰਕ ਰੂਪ ਵਿੱਚ ਹੀ ਤਾਕਤਵਰ ਨਹੀਂ ਸੀ ਬਣਾਉਂਦੀਆਂ ਸਗੋਂ ਮਾਨਸਿਕ ਰੂਪ ਵਿੱਚ ਵੀ ਸਾਨੂੰ ਤੰਦਰੁਸਤ ਰੱਖਦੀਆਂ ਸਨ। ਜਿਸ ਨਾਲ ਆਪਸੀ ਮਿਲਵਰਤਨ, ਪਿਆਰ,ਸਤਿਕਾਰ, ਸਹਿਣਸ਼ੀਲਤਾ ਤੇ ਯਾਦ ਸ਼ਕਤੀ ਵਰਗੇ ਗੁਣਾਂ ਦਾ ਵਿਕਾਸ ਹੁੰਦਾ ਸੀ। ਜਿਵੇਂ ਰਾਤ ਸਮੇਂ ਬੁਝਾਰਤਾਂ ਕਹਾਣੀਆਂ ਜੋ ਸਾਡੇ ਵਿਚ ਚੰਗੇ ਨਾਗਰਿਕ ਦੇ ਗੁਣਾਂ ਦੇ ਨਾਲ ਨਾਲ ਮਾਨਸਿਕ ਵੀ ਹੁੰਦਾ ਸੀ, ਪਰ ਇਹਨਾਂ ਕਹਾਣੀਆਂਸਹੀ ਰਸਤੇ ਸਹੀ ਫ਼ੈਸਲੇ ਲੈਣੇ ਸਿੱਖਦੇ ਸਾਂ, ਪਰ ਅੱਜ ਦੇ ਸਮੇਂ ਵਿਚ ਵੀਡੀਓ ਗੇਮਾਂ ਤੇ ਆਨਲਾਈਨ ਗੇਮਾਂ ਸਾਡੀ ਸਹਿਣਸ਼ੀਲਤਾ ਨੂੰ ਖ਼ਤਮ ਕਰ ਰਹੀਆਂ ਹਨ ਅਤੇ ਇਨ੍ਹਾਂ ਵਿਚ ਦਿਖਾਏ ਗਏ ਨੰਗੇਜ਼ ਤੇ ਪੱਛਮੀ ਸੱਭਿਆਚਾਰ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ, ਜਿਸ ਨਾਲ ਪੰਜਾਬੀ ਸੱਭਿਆਚਾਰ ਨਾਲੋਂ ਟੁੱਟ ਕੇ ਅਸੀਂ ਪੱਛਮੀ ਸੱਭਿਆਚਾਰ ਵੱਲ ਜੁੜਨੇ ਸ਼ੁਰੂ ਹੋ ਗਏ, ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ, ਅਸੀਂ ਆਪਣੇ ਅਮੀਰ ਸੱਭਿਆਚਾਰ ਤੋਂ ਵਿਸਰ ਕੇ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਕੇ ਕਿੰਨਾ ਕੁ ਟਾਈਮ ਜਿੰਦਾ ਰਹਿ ਸਕਦੇ ਹਾਂ ? ਇਸ ਲਈ ਆਪਣੇ ਸੱਭਿਆਚਾਰ ਨਾਲ ਜੋੜਨਾ ਅਤੇ ਕੁਦਰਤ ਦੇ ਨੇੜੇ ਰਹਿਣਾ ਚਾਹੀਦਾ ਹੈ, ਕਿਉਂਕਿ ਜੜ੍ਹਾਂ ਨਾਲੋਂ ਟੁੱਟ ਕੇ ਅਸੀਂ ਜ਼ਿਆਦਾ ਸਮਾਂ ਜ਼ਿੰਦਾ ਨਹੀਂ ਰਹਿ ਸਕਦੇ ਹਾਂ।

ਅੱਜ ਦਾ ਯੁੱਗ ਅਤਿ ਰੁਝੇਵਿਆਂ ਭਰਿਆ ਹੋਣ ਕਰਕੇ ਸਾਡੇ ਕੋਲ ਇਨ੍ਹੀ ਵਿਹਲ ਹੀ ਨਹੀਂ ਰਹੀ। ਇਹ ਤਬਦੀਲੀਆਂ ਸਾਡੇ ਸੱਭਿਆਚਾਰ ਤੇ ਵਿਰਾਸਤ ਦਾ ਘਾਣ ਕਰ ਰਹੀਆਂ ਹਨ। ਇਨ੍ਹਾਂ ਤਬਦੀਲੀਆਂ ਨੇ ਸਾਡੇ ਸੱਭਿਆਚਾਰ ਦੀ ਤਸਵੀਰ ਨੂੰ ਬਦਲ ਦਿੱਤਾ ਹੈ।ਜਿਸ ਤੇ ਵਧੇਰੇ ਅਸਰ ਪੱਛਮੀ ਸੱਭਿਆਚਾਰ, ਟੈਲੀਵਿਜ਼ਨ ਤੇ ਮੋਬਾਇਲ ਫੋਨਦੇ ਨਾਲ-ਨਾਲ ਕੋਰੋਨਾ ਦਾ ਵੀ ਹੈ। ਪਰਿਵਰਤਨ ਕੁਦਰਤ ਦਾ ਨਿਯਮ ਹੈ, ਤਬਦੀਲੀਆਂ ਤੋਂ ਭਾਵ ਖੋਖਲੀਆਂ ਹੋ ਰਹੀਆਂ ਰਸਮਾਂ ਦੀ ਜਗ੍ਹਾ ਨਵੀਆਂ ਵੰਗਾਰਾਂ ਪੈਦਾ ਕਰਨੀਆਂ, ਪਰ ਚਿੰਤਾ ਦਾ ਵਿਸ਼ਾ ਉਸ ਸਮੇਂ ਬਣਦਾ ਹੈ, ਜਦੋਂ ਕੋਈ ਆਪਣਾ ਸੱਭਿਆਚਾਰ ਵਿਸਾਰ ਕੇ ਦੂਸਰੇ ਸੱਭਿਆਚਾਰ ਵਿੱਚ ਪ੍ਰਵੇਸ਼ ਕਰਦੇ ਹਾਂ। ਫਿਰ ਉਹ ਦੋਗਲੇਪਣ ਦਾ ਸ਼ਿਕਾਰ ਹੋ ਜਾਂਦਾ ਹੈ, ਭਾਵ ਉਹ ਕਿਸੇ ਵੀ ਸੱਭਿਆਚਾਰ ਨਾਲ ਜੁੜ ਨਹੀਂ ਸਕਦਾ। ਸੋ ਅੱਜ ਲੋੜ ਹੈ, ਪੰਜਾਬੀ ਸੱਭਿਆਚਾਰ ਨਾਲ ਜੁੜਨ ਦੀ ਉਸ ਦੀ ਅਸਲ ਸੱਚੀ ਸੁੱਚੀ ਤਸਵੀਰ ਨੂੰ ਮੁੜ ਉਸਾਰਣ ਦੀ। ਸੱਭਿਆਚਾਰ ਸਾਡੀ ਪਛਾਣ ਹੈ, ਸਾਡਾ ਮਾਣ ਏ। ਇਸ ਵਿੱਚ ਆ ਰਹੀਆਂ ਅਸਹਿ ਤਬਦੀਲੀਆਂ ਸਾਡੇ ਜੀਵਨ ਦੀ ਨੁਹਾਰ ਨੂੰ ਬਦਲ ਰਹੀਆਂ ਹਨ। ਆਓ, ਆਪਣੇ ਬੱਚਿਆਂ ਖ਼ਾਸ ਕਰਕੇ ਨੌਜਵਾਨ ਵਰਗ ਨੂੰ ਇਸ ਨਾਲ ਜੋੜੀਏ, ਤਾਂ ਜੋ ਅਮੀਰ ਵਿਰਾਸਤ ਦੀ ਹੋਂਦ ਨੂੰ ਖ਼ਤਮ ਹੋਣ ਤੋਂ ਬਚਾ ਸਕੀਏ। ਆਧੁਨਿਕ ਹੋਣਾ ਗਲਤ ਨਹੀਂ ਹੈ, ਪਰ ਆਧੁਨਿਕਤਾ ਦੇ ਨਾਮ ਤੇ ਆਪਣੀਆਂ ਜੜ੍ਹਾਂ ਨਾਲੋਂ ਟੁੱਟਣਾ ਵੀ ਸਹੀ ਨਹੀਂ ਹੈ। ਸੱਭਿਆਚਾਰ ਦੀ ਹੋਂਦ ਨੂੰ ਮਜ਼ਬੂਤ ਕਰਨ ਲਈ ਉਸ ਦੀ ਬਦਲਦੀ ਤਸਵੀਰ ਵਿੱਚ ਨਵੀਂ ਨੁਹਾਰ ਆਏ, ਦੂਜੇ ਜਾਂ ਪੱਛਮੀ ਸੱਭਿਆਚਾਰ ਨੂੰ ਵੱਖ ਕਰ ਕੇ ਪੰਜਾਬੀ ਸੱਭਿਆਚਾਰ ਦੀ ਵੱਖਰੀ ਪਛਾਣ ਸਥਾਪਿਤ ਕਰੀਏ ਤੇ ਪ੍ਰਮਾਤਮਾ ਅੱਗੇ ਅਰਦਾਸ ਕਰੀਏ ਕਿ ਕੋਰੋਨਾ ਦਾ ਸੰਕਟ ਛੇਤੀ ਖ਼ਤਮ ਹੋਵੇ। ਅਸੀਂ ਮੁੜ ਫਿਰ ਰਲ ਮਿਲ ਬੈਠੀਏ ਤੇ ਆਪਸੀ ਸਾਂਝ ਮਿਲਵਰਤਣ ਤੇ ਪਿਆਰ ਨੂੰ ਵਧਾਈਏ।

## ਸਹਾਇਕ ਪੁਸਤਕਾਂ ਅਤੇ ਹਵਾਲੇ


1. ਜੀਤ ਸਿੰਘ ਜੋਸ਼ੀ (ਡਾ.), ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2004।
2. ਬਲਵੀਰ ਸਿੰਘ ਪੂਨੀ (ਪ੍ਰੋ.), ਪੰਜਾਬੀ ਲੋਕਧਾਰਾ ਅਤੇ ਸੱਭਿਆਚਾਰ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ 2018।
3. ਗੁਰਬਖ਼ਸ਼ ਸਿੰਘ ਫ਼ਰੈਂਕ (ਪ੍ਰੋ.), ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ 2015।
4. ਜਸਵਿੰਦਰ ਸਿੰਘ (ਡਾ.), ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012।